Surrey School District
Surrey Schools . . . Keeping Learners at the Centre
Tel: 604.596.7733
Fax: 604.596.7941
www.sd36.bc.ca

**August 28, 2007**

# ਸਰ੍ਹੀ ਸਕੂਲ ਬੋਰਡ ਦੇ ਚੇਅਰਮੈਨ ਵਲੋਂ ਇੱਕ ਪੱਤਰ

**Letter from the board chair**

ਮੈਨੂੰ ਸਾਰੇ ਸਕੂਲ ਬੋਰਡ ਵਲੋਂ ਸਾਰੇ ਵਿਦਿਆਰਥੀਆਂ, ਸਕੂਲਾਂ ਦੇ ਕਰਮਚਾਰੀਆਂ ਅਤੇ ਮਾਪਿਆਂ ਨੂੰ ਸਕੂਲ ਦੇ 2007-08 ਸਾਲ ਵਿੱਚ ਜੀ ਆਇਆਂ ਕਹਿੰਦਿਆਂ ਬਹੁਤ ਹੀ ਖੁਸ਼ੀ ਜੁੰਦੀ ਹੈ । ਇਸ ਪੱਤਰ ਰਾਹੀਂ ਮੈਂ ਇਸ ਸਾਲ ਦਿਆਂ ਕੁੱਝ ਸੂਚਨਾਵਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾਂ ਹਾਂ ।

ਅਸੀਂ ਸਾਰੇ ਭਾਈਚਾਰੇ ਨਾਲ ਰਲ ਕਿ ਸਾਰੇ ਪ੍ਰਚਲਤ ਅਤੇ ਕਾਮਯਾਬ ਪਰੋਗਰਾਮਾਂ ਵਿੱਚ ਵਾਧਾ ਕਰਦੇ ਰਹਾਂਗੇ । ਸਾਡਾ ਦੂਜਾ ਸਟਰੌਂਗ ਸਟਾਰਟ ਦਾ ਪ੍ਰੋਗਰਾਮ, ਜੋ 5 ਸਾਲ ਤੋਂ ਛੋਟੇ ਬੱਚਿਆਂ ਲਈ ਸਿੱਖਣ ਲਈ ਇੱਕ ਮੁਫਤ ਪ੍ਰੋਗਰਾਮ ਹੈ ਪ੍ਰੀਵਾਰਾਂ ਨਾਲ ਆ ਕੇ ਸਿੱਖਣ ਲਈ, ਕ੍ਰੂਗਰ ਕਰੀਕ ਸਕੂਲ ਵਿੱਚ, ਸ਼ੁਰੂ ਕਰ ਦਿੱਤਾ ਗਿਆ ਹੈ।

ਅਸੀਂ ਯੂਨਾਈਟਦ ਵੇ ਅਤੇ ਸਰੀ ਨਗਰ ਨਿਗਮ ਨਾਲ ਰਲ ਕਿ ਭਾਈਚਾਰੇ ਦੀ ਸਾਂਝ ਲਈ ਪ੍ਰੋਗਰਾਮਾਂ ਵਿੱਚ ਵੀ ਵਾਧਾ ਕਰ ਰਹੇਂ ਹਾਂ । ਇਸ ਪ੍ਰੋਗਰਾਮ ਰਾਹੀਂ ਕੁੱਝ ਸਕੂਲ ਭਾਈਚਾਰੇ ਦੇ ਕੇਂਦਰ ਚੁਣੇ ਜਾਂਦੇ ਹਨ । ਇਹਨਾਂ ਕੇਂਦਰਾਂ ਵਿੱਚ ਸਿਹਤ ਸਬੰਧੀ, ਸਮਾਜਿਕ, ਦਿਲ ਬਹਿਲਾਵੇ ਲਈ ਅਤੇ ਪੜ੍ਹਨ ਲਿਖਨ ਦੀ ਯੋਗਤਾ ਸਬੰਧੀ ਓਹਨਾਂ ਸਕੂਲਾਂ ਦੇ ਆਲੇ ਦੁਆਲੇ ਦੇ ਭਾਈਚਾਰੇ ਦੀ ਜਾਣਕਾਰੀ ਲਈ ਕਈ ਸਾਧਨ ਸਥਾਪਿਤ ਕੀਤੇ ਹਨ । ਸਾਨੂੰ ਸਾਰਿਆਂ ਨੂੰ ਇਹਨਾਂ ਪ੍ਰੋਗਰਾਮਾਂ ਦੀ ਬਹੁਤ ਹੀ ਖੁਸ਼ੀ ਹੈ ਜਿਨ੍ਹਾਂ ਰਾਹੀਂ ਕਈ ਫਾਇਦੇ ਸਾਡੇ ਬੱਚਿਆਂ ਨੂੰ ਅਤੇ ਭਾਈਚਾਰੇ ਦੀ ਬੇਹਤਰੀ ਲਈ ਹੋਣੇ ਹਨ ।

ਅਸੀਂ ਇੰਨਟਰਨੈਟ ਰਾਹੀਂ ਆਪਣੇ ਡਿਸਟਰਿਕਟ ਦੀ ਵੈੱਬ ਸਾਈਟ ਨੂੰ ਵੀ ਹੋਰ ਵਧਾ ਰਹੇ ਹਾਂ ਅਤੇ ਇਸ ਨੂੰ ਹੋਰ ਵੀ ਫਾਇਦੇਮੰਦ ਬਣਾਓਣਾ ਸਾਡਾ ਟੀਚਾ ਵੀ ਹੈ, ਜਿਸ ਨਾਲ ਅਸੀਂ ਆਪਣੇ ਵੱਖ ਵੱਖ ਮੁਲਕਾਂ ਵਿੱਚੋਂ ਆਏ ਮਾਪਿਆਂ ਨਾਲ ਵਧੀਆ ਸੰਪਰਕ ਵਧਾ ਸਕੀਏ। ਇਸ ਵੈੱਬ ਸਾਈਟ ਓਪਰ ਤੁਸੀਂ ਸਾਡੇ ਬੱਚਿਆਂ ਦੀਆਂ ਕਾਮਯਾਬੀ ਦੀਆਂ ਕਹਾਣੀਆਂ, ਵਿਦਿਆ ਸਬੰਧੀ ਸਹੀ ਜਾਣਕਾਰੀ ਅਤੇ ਸਕੂਲ ਡਿਸਟਰਿਕਟ ਬਾਰੇ ਹਰ ਨਵੀਂ ਖਬਰ ਨੂੰ ਵੀ ਪੜ੍ਹ ਸਕੋਗੇ । ਸਾਲ 2006-07 ਵਿੱਚ 80 ਤੋਂ ਵੱਧ ਲਿਖਤਾਂ ਇਸ ਵੈੱਬ ਸਾਈਟ ਓਪਰ ਲਿਖੀਆਂ ਗਈਆਂ ਸਨ ।

ਇਹਨਾਂ ਬੀਤੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਇਸ ਵੈੱਬ ਸਾਈਟ ਨੂੰ ਹੋਰ ਵੀ ਤਾਜ਼ਾ ਕੀਤਾ ਗਿਆ ਜਿਸ ਰਾਹੀਂ ਇਸ ਦੀ ਵਰਤੋਂ ਨੂੰ ਹੋਰ ਵੀ ਵਧਾਓਣ ਲਈ ਇਸਨੂੰ ਨਵੀਂ ਰੂਪ ਰੇਖਾ ਦਿੱਤੀ ਗਈ । ਇਸ ਦੁਆਰਾ ਖੋਜ ਕਰਨ ਲਈ ਇੱਕ ਨਵਾਂ ਢੰਗ ਲਗਾਇਆ ਗਿਆ ਅਤੇ ਆਪਣੇ ਪੰਜਾਬੀ ਭਾਈਚਾਰੇ ਲਈ ਸਮੇਂ ਅਨੁਸਾਰ ਨਵੀਆਂ ਲਿਖਤਾਂ ਪੰਜਾਬੀ ਭਾਸ਼ਾ ਵਿੱਚ ਲਿਖੀਆਂ ਗਈਆਂ । ਹੁਣ ਅਸੀਂ ਸਕੂਲ ਡਿਸਟਰਿਕਟ ਵਲੋਂ ਸੂਚਨਾਂ ਪੱਤਰ ਅਤੇ ਨਵੀਂ ਲੋੜੀਂਦੀ ਜਾਣਕਾਰੀ ਇਸ ਵੈੱਬ ਸਾਈਟ ਵਿੱਚ ਜਮ੍ਹਾਂ ਕਰਦੇ ਰਹਾਗੇਂ । ਸਾਡੀ ਗੁਜ਼ਾਰਿਸ਼ ਹੈ ਕਿ ਤੁਸੀਂ ਆਪਣੇ ਕੰਪਿਊਟਰ ਰਾਹੀਂ ਇਸ ਸਕੂਲ ਡਿਸਟਰਿਕਟ ਦੀ ਵੈੱਬ ਸਾਈਟ ਓਪਰ ਜ਼ਰੂਰ ਜਾਓ ਅਤੇ ਦਿੱਤੀ ਗਈ ਜਾਣਕਾਰੀ ਤੋਂ ਵਾਕਿਫ ਹੋਵੋ ਜੀ ।

ਇਸ ਦੇ ਨਾਲ ਨਾਲ ਮੈਂ ਸਾਰੇ ਮਾਪਿਆਂ ਨੂੰ ਇਹ ਬੇਨਤੀ ਕਰਾਂਗਾਂ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਅਤੇ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਹਿੱਸੇਦਾਰ ਬਣੋ । ਭਾਵੇਂ ਤੁਸੀਂ ਬੱਚਿਆਂ ਨੂੰ ਕਿਸੇ ਸਕੂਲ ਦੇ ਬਾਹਰ ਯਾਤਰਾ ਵੇਲੇ ਆਪਣੀ ਕਾਰ ਵਿੱਚ ਲਿਜਾਣ ਦੀ ਸੇਵਾ ਕਰਦੇ ਹੋ, ਜਾਂ, ਸਕੂਲ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਹੋ ਜਾਂ ਸਕੂਲ ਦੀ ਸਲਾਹਕਾਰ ਕਾਊਂਸਲ ਦੇ ਮੈਬਂਰ ਹੋ, ਤੁਹਾਡਾ ਇਸ ਤਰਾਂ ਹਿੱਸਾ ਲੈਣ ਨਾਲ ਸਕੂਲ ਦੀ ਤੱਰਕੀ ਵਿੱਚ ਇੱਕ ਬਹੁਤ ਵੱਡਾ ਹੱਥ ਹੈ - ਜਿਸ ਨਾਲ ਤੁਹਾਡੇ ਬੱਚਿਆਂ ਦੀ ਬੇਹਤਰੀ ਲਈ ਵੀ । ਇਸ ਸੇਵਾ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ।

ਮੈਂ ਦਵਾਰਾ ਸਰ੍ਹੀ ਸਕੂਲ ਦੇ ਵਿਦਿਆ ਦੇ ਖੇਤਰ ਦੇ ਬੋਰਡ ਵਲੋਂ ਆਪ ਸਭ ਨੂੰ ਇਸ ਨਵੇਂ ਸਕੂਲ ਦੇ ਸਾਲ ਦੀ ਸ਼ੁਰੂਆਤ ਵਿੱਚ ਜੀ ਆਂਇਆਂ ਕਹਿੰਦਾਂ ਹਾਂ ਅਤੇ ਆਪ ਸਭ ਨਾਲ ਰਲ ਮਿਲ ਕੇ ਇੱਕ ਵਧੀਆ, ਖੁਸ਼ੀਆਂ ਭਰਪੂਰ ਅਤੇ ਓਨਤੀ ਵਾਲੇ ਸਕੂਲ ਦੇ ਨਵੇਂ ਸਾਲ ਦੀ ਆਸ ਰੱਖਦਾਂ ਹਾਂ ।

ਤੁਹਾਡਾ ਸ਼ੁਭਚਿੰਤਕ,
ਸ਼ਾਨ ਵਿਲਸਨ
ਸਕੂਲ ਬੋਰਡ ਦਾ ਚੈਅਰਮੈਨ